## ਸੰਸਥਾ ਬਾਰੇ

ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ ਲੁਧਿਆਣਾ, ਉੱਤਰੀ ਭਾਰਤ ਦੇ ਸਭ ਤੋਂ ਵੱਕਾਰੀ, ਸਭ ਤੋਂ ਪੁਰਾਣੇ ਅਤੇ ਘੱਟ-ਗਿਣਤੀ ਸੰਸਥਾਨਾਂ ਵਿੱਚੋਂ ਇੱਕ ਹੈ। ਇਹ ਕਾਲਜ 1956 ਵਿੱਚ ਨਨਕਾਣਾ ਸਾਹਿਬ ਐਜੂਕੇਸ਼ਨ ਟਰੱਸਟ (NSET) ਦੀ ਅਗਵਾਈ ਹੇਠ ਸਥਾਪਿਤ ਕੀਤਾ ਗਿਆ ਸੀ। ਇਹ ਕਾਲਜ ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਕਪੂਰਥਲਾ, ਨਾਲ ਸਬੰਧਿਤ UGC ਐਕਟ 1956 ਦੀ ਧਾਰਾ [2(f) ਅਤੇ 12(B)] ਦੇ ਤਹਿਤ ਇੱਕ ਖੁਦਮੁਖਤਿਆਰ ਕਾਲਜ ਹੈ ਅਤੇ NAAC ਦੁਆਰਾ 'A' ਗ੍ਰੇਡ ਨਾਲ ਮਾਨਤਾ-ਪ੍ਰਾਪਤ ਹੈ। ਕਾਲਜ ਦੇ ਕੋਰਸ AICTE, ਨਵੀਂ ਦਿੱਲੀ ਦੁਆਰਾ ਪ੍ਰਵਾਨਿਤ ਹਨ। ਇਸ ਸੰਸਥਾ ਵਿੱਚ ਬੀ.ਟੈੱਕ,ਬੀ. ਆਰਕੀਟੈਕਚਰ, ਬੀ.ਬੀ.ਏ. ਅਤੇ ਬੀ.ਸੀ.ਏ. ਅਤੇ 15 ਐਮ. ਟੈੱਕ. ਦੇ ਕੋਰਸਾਂ ਸਮੇਤ ਐਮ.ਬੀ.ਏ., ਐਮ.ਸੀ.ਏ. ਅਤੇ ਸਾਰੀਆਂ ਇੰਜੀਨੀਅਰਿੰਗ ਸ਼ਾਖਾਵਾਂ ਵਿੱਚ ਪੀਐਚ.ਡੀ. ਕਰਨ ਦੀ ਸਹੂਲਤ ਉਪਲਬਧ ਹੈ। ਪਿਛਲੀ ਅੱਧੀ ਸਦੀ ਦੇ ਵਿੱਚ ਕਾਲਜ ਦੇ ਵੱਖ- ਵੱਖ ਵਿਭਾਗਾਂ ਵਿੱਚ ਪੜ੍ਹੇ ਵਿਦਿਆਰਥੀਆਂ ਨੇ ਇੰਜੀਨੀਅਰਿੰਗ ਦੇ ਵੱਖੋ-ਵੱਖਰੇ ਖੇਤਰਾਂ ਵਿੱਚ ਅੰਤਰਰਾਸ਼ਟਰੀ ਪੱਧਰ ਤੇ ਨਾਮਣਾ ਖੱਟਿਆ ਹੈ।

## ਏ.ਆਈ.ਸੀ.ਟੀ.ਈ. - ਵਾਣੀ ਸਕੀਮ ਬਾਰੇ

ਭਾਰਤ ਵਿੱਚ ਪ੍ਰਭਾਵੀ ਵਿਕਾਸ ਕਾਰਜਾਂ ਲਈ ਖੇਤਰੀ ਭਾਸ਼ਾ ਵਿੱਚ ਸੰਚਾਰ ਹੋਣਾ ਬਹੁਤ ਜ਼ਰੂਰੀ ਹੈ। ਭਾਰਤ ਦੀ ਮਰਦਮਸ਼ੁਮਾਰੀ ਦੇ ਅਨੁਸਾਰ, 122 ਪ੍ਰਮੁੱਖ ਭਾਸ਼ਾਵਾਂ ਅਤੇ 1599 ਉੱਪ- ਬੋਲੀਆਂ ਹਨ ਜਿਨ੍ਹਾਂ ਵਿੱਚੋਂ 30 ਭਾਸ਼ਾਵਾਂ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਇੱਕ ਮਿਲੀਅਨ ਤੋਂ ਵੱਧ ਖੇਤਰੀ ਭਾਸ਼ਾਵਾਂ ਬੋਲਣ ਵਾਲਿਆਂ ਦੁਆਰਾ ਬੋਲੀਆਂ ਜਾਂਦੀਆਂ ਹਨ। ਇਸ ਲਈ ਖੇਤਰੀ ਭਾਸ਼ਾਵਾਂ ਦੇ ਮਾਧਿਅਮ ਰਾਹੀਂ ਗਿਆਨ ਦਾ ਪ੍ਰਸਾਰ ਕਰਨਾ ਅਤੇ ਸਿੱਖਣ ਦੀ ਪ੍ਰਕਿਰਿਆ ਨੂੰ ਮਜ਼ਬੂਤ ਕਰਨਾ ਵਿਕਸਿਤ ਭਾਰਤ 2047 ਦੇ ਸੁਪਨੇ ਨੂੰ ਸਾਕਾਰ ਕਰਨ ਲਈ ਜ਼ਰੂਰੀ ਬਣ ਗਿਆ ਹੈ। ਆਧੁਨਿਕ ਯੁੱਗ ਦੇ ਉੱਨਤ ਖੇਤਰਾਂ ਬਾਰੇ ਮਾਤ- ਭਾਸ਼ਾ ਵਿੱਚ ਹੋਰ ਗਿਆਨ ਸਿਰਜਣ, ਜਾਣਕਾਰੀ ਦਾ ਆਦਾਨ- ਪ੍ਰਦਾਨ ਕਰਨ ਦੇ ਮਕਸਦ ਵਜੋਂ ਖੇਤਰੀ ਪੱਧਰ ਦੀਆਂ ਕਾਨਫਰੰਸਾਂ/ ਵਰਕਸ਼ਾਪਾਂ ਅਤੇ ਸੈਮੀਨਾਰਾਂ ਦੇ ਆਯੋਜਨ ਨੂੰ ਏ. ਆਈ. ਸੀ. ਟੀ. ਈ. ਦੀ ਵਾਣੀ ਸਕੀਮ ਨੂੰ ਲਾਗੂ ਕੀਤਾ ਗਿਆ ਹੈ।

## ਪਹੁੰਚਣ ਲਈ ਜਾਣਕਾਰੀ

- ਚੰਡੀਗੜ੍ਹ ਹਵਾਈ ਅੱਡੇ ਤੋਂ 90 ਕਿ.ਮੀ
- ਸਥਾਨਕ ਹਵਾਈ ਅੱਡੇ ਤੋਂ 15 ਕਿ.ਮੀ
- ਰੇਲਵੇ ਸਟੇਸ਼ਨ ਤੋਂ 7 ਕਿ.ਮੀ
- ਬੱਸ ਸਟੈਂਡ ਤੋਂ 5 ਕਿ.ਮੀ
  ਦੀ ਦੂਰੀ ਤੇ ਸਥਿਤ ਹੈ
- ਨਕਸ਼ਾ ਲਿੰਕ:
  http://gdy.club/gndec_map




**ਭਾਰਤੀ ਭਾਸ਼ਾਵਾਂ ਦੀ ਤਰੱਕੀ ਅਤੇ ਪੋਸ਼ਣ ਲਈ ਢੁਕਵੀਂ ਵਕਾਲਤ**

ਤਿੰਨ-ਰੋਜ਼ਾ ਕਾਰਜਸ਼ਾਲਾ

# ਮਸਨੂਈ ਬੁੱਧੀ ਅਤੇ ਪੰਜਾਬੀ ਭਾਸ਼ਾ: ਆਧੁਨਿਕ ਪਰਿਪੇਖ ਤੇ ਚੁਣੌਤੀਆਂ

**ਉੱਨਤ ਖੇਤਰ: ਆਧੁਨਿਕ ਗਣਿਤਿਕ**

**Artificial Intelligence and Punjabi Language: Recent Trends and Challenges**

**Emerging Field: Advanced Computing**

**(6 ਤੋਂ 8 ਜੂਨ, 2024)**

**ਸਰਪ੍ਰਸਤ**
ਡਾ. ਸਹਿਜਪਾਲ ਸਿੰਘ
ਪ੍ਰਿੰਸੀਪਲ

**ਕਨਵੀਨਰ**
ਡਾ. ਜਸਮਨਿੰਦਰ ਸਿੰਘ ਗਰੇਵਾਲ    ਡਾ. ਕਿਰਨ ਜੋਤੀ

**ਕੋਆਰਡੀਨੇਟਰ**
ਡਾ. ਪਰਮਿੰਦਰ ਸਿੰਘ

**ਕੋ- ਕੋਆਰਡੀਨੇਟਰ**
ਲਖਵੀਰ ਸਿੰਘ ਖਾਨਾ

**ਆਯੋਜਕ**

**ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ, ਲੁਧਿਆਣਾ -141006 (ਪੰਜਾਬ)**

# ਉਦੇਸ਼

ਇਸ ਕਾਰਜਸ਼ਾਲਾ ਦਾ ਉਦੇਸ਼ ਸਿੱਖਿਅਕਾਂ ਅਤੇ ਖੋਜਾਰਥੀਆਂ ਨੂੰ ਆਧੁਨਿਕ ਗਣਿਤਿਕ ਜਿਹੇ ਉੱਨਤ ਖੇਤਰਾਂ ਦੇ ਸਿਧਾਂਤਾਂ, ਐਪਲੀਕੇਸ਼ਨਾਂ ਅਤੇ ਦਰਪੇਸ਼ ਚੁਣੌਤੀਆਂ ਦੀ ਡੂੰਘੀ ਸਮਝ ਨਾਲ ਰੂ-ਬਰੂ ਕਰਨਾ ਹੈ। ਇਹ ਪ੍ਰੋਗਰਾਮ ਭਾਗੀਦਾਰਾਂ ਲਈ ਮਸਨੂਈ-ਬੁੱਧੀ (AI) ਦੇ ਦਿਲਚਸਪ ਖੇਤਰ ਵਿੱਚ ਜਾਣ ਲਈ ਇੱਕ ਚੰਗੇਰੇ ਵਾਤਾਵਰਣ ਨੂੰ ਉਤਸ਼ਾਹਿਤ ਕਰੇਗਾ। ਸਿਧਾਂਤਕ ਅਤੇ ਪ੍ਰਯੋਗਿਕ ਸੈਸ਼ਨਾਂ ਦੇ ਸੁਮੇਲ ਦੁਆਰਾ, ਭਾਗੀਦਾਰ ਆਪਣੇ ਪਾਠਕ੍ਰਮ ਅਤੇ ਖੋਜ ਵਿੱਚ ਐਡਵਾਂਸਡ ਕੰਪਿਊਟਿੰਗ ਦੇ ਸੰਕਲਪਾਂ ਨੂੰ ਏਕੀਕ੍ਰਿਤ ਕਰਨ ਲਈ ਲੋੜੀਂਦੇ ਗਿਆਨ ਅਤੇ ਹੁਨਰ ਪ੍ਰਾਪਤ ਕਰ ਸਕਣਗੇ।

# ਯੋਗ ਬਿਨੈਕਾਰ

ਉਚੇਰੀ ਅਤੇ ਤਕਨੀਕੀ ਸਿੱਖਿਆ ਸੰਸਥਾਵਾਂ ਦੇ ਅਧਿਆਪਕ, ਪੀ.ਐਚ.ਡੀ. ਖੋਜਾਰਥੀ, ਉਦਯੋਗਿਕ ਸੰਸਥਾਵਾਂ ਦੇ ਕਰਮਚਾਰੀ, ਸਕੂਲ ਅਧਿਆਪਕ ਅਤੇ ਪੀ.ਜੀ. ਵਿਦਿਆਰਥੀ ਕੋਰਸ ਵਿੱਚ ਸ਼ਾਮਲ ਹੋਣ ਦੇ ਯੋਗ ਹਨ। ਕੰਪਿਊਟਰ ਸਾਇੰਸ, ਮਸਨੂਈ ਬੁੱਧੀ ਅਤੇ ਹੋਰ ਸਬੰਧਤ ਵਿਸ਼ਿਆਂ ਵਰਗੇ ਵੱਖ-ਵੱਖ ਖੇਤਰਾਂ ਦੇ ਭਾਗੀਦਾਰਾਂ ਨੂੰ ਸ਼ਾਮਿਲ ਹੋਣ ਲਈ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ।

# ਰਜਿਸਟ੍ਰੇਸ਼ਨ

- ਆਨਲਾਈਨ ਰਜਿਸਟ੍ਰੇਸ਼ਨ ਲਈ ਕਲਿੱਕ ਕਰੋ http://gdy.club/vaani_reg
- ਰਜਿਸਟ੍ਰੇਸ਼ਨ ਲਈ ਆਖਰੀ ਮਿਤੀ **2 ਜੂਨ, 2024** ਹੈ।
- ਇਸ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਲਈ ਕੋਈ ਵੀ ਫ਼ੀਸ ਨਹੀਂ ਲਈ ਜਾਵੇਗੀ।
- ਬਿਨੈਕਾਰਾਂ ਵੱਲੋਂ ਨਿੱਜੀ ਬੇਨਤੀ ਤੇ ਰਿਹਾਇਸ਼ ਦੀ ਸਹੂਲਤ ਨਿਰਧਾਰਿਤ ਕੀਮਤ ਤੇ ਉਪਲਬਧ ਹੋਵੇਗੀ।
- ਬਿਨੈਕਾਰਾਂ ਦੀ ਚੋਣ ਪਹਿਲਾਂ ਆਓ- ਪਹਿਲਾਂ ਪਾਓ ਦੇ ਆਧਾਰ ਤੇ ਕੀਤੀ ਜਾਵੇਗੀ।

# ਸੰਪਰਕ ਕਰੋ


ਡਾ. ਪਰਮਿੰਦਰ ਸਿੰਘ
ਪ੍ਰੋਫ਼ੈਸਰ,
(ਵਰਕਸ਼ਾਪ ਕੋਆਰਡੀਨੇਟਰ)
parmindersingh@gndec.ac.in
98555-76176

ਲਖਵੀਰ ਸਿੰਘ ਖਾਨਾ
ਸਹਾਇਕ ਪ੍ਰੋਫ਼ੈਸਰ,
(ਵਰਕਸ਼ਾਪ ਕੋ-ਕੋਆਰਡੀਨੇਟਰ)
lakhveersingh@gndec.ac.in
94646-63313

**ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ,**
**ਗਿੱਲ ਪਾਰਕ, ਗਿੱਲ ਰੋਡ, ਲੁਧਿਆਣਾ**
**141006 (ਪੰਜਾਬ)**
https://gndec.ac.in


# ਵਿਸ਼ਾ ਮਾਹਿਰ

- ਡਾ. ਗੁਰਪ੍ਰੀਤ ਸਿੰਘ ਲਹਿਲ, ਸਾਬਕਾ ਪ੍ਰੋਫ਼ੈਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ; ਸਲਾਹਕਾਰ, ਆਈ.ਆਈ.ਆਈ. ਟੀ., ਹੈਦਰਾਬਾਦ
- ਡਾ. ਮਨਿੰਦਰ ਸਿੰਘ, ਪ੍ਰੋਫ਼ੈਸਰ, ਥਾਪਰ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਅਤੇ ਤਕਨਾਲੋਜੀ, ਪਟਿਆਲਾ
- ਡਾ. ਮਨੀਸ਼ ਕੁਮਾਰ, ਪ੍ਰੋਫ਼ੈਸਰ ਅਤੇ ਨਿਰਦੇਸ਼ਕ, ਪੰਜਾਬ ਯੂਨੀਵਰਸਿਟੀ ਖੇਤਰੀ ਕੇਂਦਰ, ਮੁਕਤਸਰ, ਪੰਜਾਬ
- ਡਾ. ਰਾਜੇਸ਼ ਭਾਟੀਆ, ਪ੍ਰੋਫ਼ੈਸਰ, ਪੰਜਾਬ ਇੰਜੀਨੀਅਰਿੰਗ ਕਾਲਜ, ਚੰਡੀਗੜ੍ਹ
- ਡਾ. ਹਰੀਸ਼ ਕੁਮਾਰ, ਪ੍ਰੋਫ਼ੈਸਰ, ਯੂ.ਆਈ.ਈ.ਟੀ., ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
- ਡਾ. ਬਲਵਿੰਦਰ ਸੋਢੀ, ਸਹਿਯੋਗੀ ਪ੍ਰੋਫ਼ੈਸਰ, ਭਾਰਤੀ ਤਕਨਾਲੋਜੀ ਸੰਸਥਾ, ਰੋਪੜ
- ਡਾ. ਜਸਵਿੰਦਰ ਸਿੰਘ, ਪ੍ਰੋਫ਼ੈਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ
- ਡਾ. ਗੁਰਜੀਤ ਸਿੰਘ ਵਾਲੀਆ, ਵਿਗਿਆਨਿਕ 'ਐੱਫ਼', ਰੱਖਿਆ ਖੋਜ ਅਤੇ ਵਿਕਾਸ ਸੰਸਥਾ, ਨਵੀਂ ਦਿੱਲੀ
- ਡਾ. ਜੈਤੇਗ ਸਿੰਘ, ਪ੍ਰੋਫ਼ੈਸਰ, ਚਿੱਤਕਾਰਾ ਯੂਨੀਵਰਸਿਟੀ, ਰਾਜਪੁਰਾ, ਪੰਜਾਬ
- ਡਾ. ਗੁਰਪ੍ਰੀਤ ਸਿੰਘ ਜੋਸਨ, ਸਹਿਯੋਗੀ ਪ੍ਰੋਫ਼ੈਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ
- ਡਾ. ਦਿਨੇਸ਼ ਕੁਮਾਰ, ਪ੍ਰੋਫ਼ੈਸਰ, ਜੰਮੂ ਕੇਂਦਰੀ ਯੂਨੀਵਰਸਿਟੀ, ਜੰਮੂ
- ਡਾ. ਮੁਨੀਸ਼ ਕੁਮਾਰ, ਸਹਿਯੋਗੀ ਪ੍ਰੋਫ਼ੈਸਰ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ
- ਡਾ. ਸੰਦੀਪ ਸਿੰਘ, ਐੱਸ.ਆਰ.ਪੀ.-ਅਕਾਦਮਿਕ, ਰਾਸ਼ਟਰੀ ਅਨੁਵਾਦ ਮਿਸ਼ਨ, ਕੇਂਦਰੀ ਭਾਰਤੀ ਭਾਸ਼ਾਵਾਂ ਸੰਸਥਾਨ, ਮੈਸੂਰ
- ਡਾ. ਜਸਪਾਲ ਸਿੰਘ ਢਿੱਲੋਂ, ਸਹਾਇਕ ਪ੍ਰੋਫ਼ੈਸਰ, ਮਾਤਾ ਸੁੰਦਰੀ ਯੂਨੀਵਰਸਿਟੀ ਗਰਲਜ਼ ਕਾਲਜ, ਮਾਨਸਾ